Downloaded From : http://cbseportal.com/

# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

**004**

## ਦਸਵੀਂ *(X)*

*Time allowed : 3 hours* — *Maximum Marks : 80*

*ਸਮਾਂ ੩ ਘੰਟੇ* — *ਅੰਕ 80*

**ਪੜ੍ਹਨ-ਕੌਸ਼ਲ** — **(ਭਾਗ ੳ)**

**i. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** 2+2+2+2+1=9

ਜੋ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦੇ ਹਨ, ਉਹ ਹਰ ਕਿਸੇ ਦੀ ਮਾਂ-ਬੋਲੀ ਦਾ ਸਤਿਕਾਰ ਕਰਦੇ ਹਨ। ਇੱਕ ਵਾਰ ਮੈਨੂੰ ਇੱਕ ਸੌ ਅੱਠ ਮੁਲਕਾਂ ਤੋਂ ਆਏ ਅਠਾਰਾਂ ਸੌ ਪ੍ਰਤੀਨਿਧਾਂ ਦੇ ਸਾਹਮਣੇ ਬੋਲਣ ਦਾ ਮੌਕਾ ਵੀਆਨਾ, ਆਸਟ੍ਰੀਆ ਦੀ ਰਾਜਧਾਨੀ ਵਿੱਚ ਮਿਲਿਆ ਸੀ। ਹਰ ਤਕਰੀਰ ਦਾ ਤਰਜਮਾ ਪੰਜਾਂ ਜ਼ੁਬਾਨਾਂ ਵਿੱਚ ਹੋਣਾ ਹੁੰਦਾ ਸੀ, ਤੇ ਸੈਂਕੜੇ ਤਕਰੀਰਾਂ ਸਨ। ਤਰਜਮਾ ਕਰਨ ਵਾਲੀਆਂ ਕੁੜੀਆਂ ਉੱਤੇ ਬੜਾ ਭਾਰ ਸੀ। ਉਹਨਾਂ ਦਾ ਇਕ ਤਰਜਮਾ ਬਚਾਉਣ ਲਈ ਮੈਂ ਫੈਸਲਾ ਕੀਤਾ ਕਿ ਅੰਗਰੇਜ਼ੀ ਵਿੱਚ ਹੀ ਬੋਲ ਦਿਆਂਗਾ। ਮੇਰੇ ਏਸ ਫੈਸਲੇ ਉੱਤੇ ਅੰਗਰੇਜ਼ਾਂ ਅਤੇ ਅਮਰੀਕਨਾਂ ਨੇ ਖੁਸ਼ੀਆਂ ਦੀਆਂ ਤਾਲੀਆਂ ਵਜਾਈਆਂ। ਪਰ ਜਦੋਂ ਮੈਂ ਆਖਿਆ ਕਿ ਇਹ ਵੀ ਮੈਂ ਸਹਾਰ ਨਹੀਂ ਸਕਾਂਗਾ ਕਿ ਆਪਣੀ ਮਾਂ-ਬੋਲੀ ਦੇ ਸ਼ਬਦ ਐਨੇ ਮੁਲਕਾਂ ਦੇ ਚੰਗੇ ਲੋਕਾਂ ਦੇ ਕੰਨੀਂ ਪੁਆਉਣ ਦਾ ਮੌਕਾ ਮੈਂ ਹੱਥੋ ਗੁਆ ਲਵਾਂ। ਏਸ ਲਈ ਆਪਣੀ ਤਕਰੀਰ ਦਾ ਅਖੀਰਲਾ ਭਾਗ ਮੈਂ ਪੰਜਾਬੀ ਵਿੱਚ ਹੀ ਬੋਲਾਂਗਾ। ਇਹਦੇ ਉੱਤੇ ਸਰੋਤਿਆਂ ਤਾਲੀਆਂ ਵਜਾਈਆਂ ਤੇ ਜਦੋਂ ਮੈਂ ਆਪਣੀ ਬੋਲੀ ਵਿੱਚ ਬੋਲ ਹਟਿਆ ਤਾਂ ਸਾਰੇ ਦੇ ਸਾਰੇ ਸਰੋਤੇ ਉੱਠ ਕੇ ਖਲੋ ਗਏ, ਪ੍ਰਧਾਨਗੀ ਮੰਡਲ ਦੇ ਮੰਚ ਤੋਂ ਹੇਠਾਂ ਆ ਕੇ ਕਈਆਂ ਨੇ ਮੈਨੂੰ ਜੱਫ਼ੀ ਵਿਚ ਲੈ ਲਿਆ, ਕਈ ਮੇਰੇ ਨਾਲ ਤੁਰ ਕੇ ਮੈਨੂੰ ਮੇਰੀ ਸੀਟ ਉੱਤੇ ਬਿਠਾਉਣ ਆਏ ਤੇ ਉਹਨਾਂ ਮੇਰੇ ਦਸਖ਼ਤ ਲਏ। ਇਹ ਪ੍ਰਸੰਸਾ ਮੇਰੀ ਨਹੀਂ ਸੀ, ਮੇਰੀ ਮਾਂ-ਬੋਲੀ ਲਈ ਆਪਣੀ ਮਾਂ-ਬੋਲੀ ਦੇ ਪਿਆਰਿਆਂ ਦਾ ਸਤਿਕਾਰ ਭਰਿਆ ਇਜ਼ਹਾਰ ਸੀ।

(ੳ) ਲੇਖਕ ਨੂੰ ਕਿੰਨੇ ਪ੍ਰਤੀਨਿਧੀਆਂ ਦੇ ਸਾਹਮਣੇ ਬੋਲਣ ਦਾ ਮੌਕਾ ਮਿਲਿਆ?

(ਅ) ਤਕਰੀਰ ਦਾ ਤਰਜਮਾ ਕਿੰਨੀਆਂ ਜ਼ੁਬਾਨਾਂ ਵਿੱਚ ਹੋਣਾ ਸੀ ਤੇ ਤਰਜ਼ਮਾਂ ਕਰਨ ਦਾ ਭਾਰ ਕਿਨ੍ਹਾਂ ਤੇ ਸੀ?

(ੲ) ਸਰੋਤਿਆਂ ਨੇ ਲੇਖਕ ਦੀ ਪ੍ਰਸੰਸਾ ਕਿਵੇਂ ਕੀਤੀ?

(ਸ) ਆਪਣੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਦੂਜੀਆਂ ਮਾਂ-ਬੋਲੀਆਂ ਨਾਲ ਕਿਹੋ ਜਿਹਾ ਵਿਹਾਰ ਕਰਦੇ ਹਨ?

(ਹ) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

**ii. ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** 2x3=6

ਪੜ੍ਹੋ ਕਿਤਾਬਾਂ ਗਿਆਨ ਵਧੇਗਾ,
ਬੁਝੋ ਸਿਆਣੇ ਮਾਣ ਵਧੇਗਾ।
ਕਿਤਾਬਾਂ ਤੋਂ ਬਿਨਾਂ ਹੈ ਕਮਰਾ,
ਜਿਵੇਂ ਫੁੱਲਾਂ ਤੋਂ ਬਿਨਾਂ ਹੈ ਗਮਲਾ।
ਵਿੱਚ ਤੋਹਫ਼ੇ ਦੇ ਅਸੀਂ ਦੇਈਏ ਕਿਤਾਬਾਂ



Downloaded From : http://cbseportal.com/ Courtesy : CBSE

Downloaded From : http://cbseportal.com/

ਇੱਕ ਦੂਜੇ ਤੋਂ ਸਦਾ ਲਈਏ ਕਿਤਾਬਾਂ।

(ੳ) ਕਿਤਾਬਾਂ ਪੜ੍ਹਨ ਦਾ ਕੀ ਲਾਭ ਹੈ?

(ਅ) ਕਿਤਾਬਾਂ ਤੋਂ ਬਿਨਾਂ ਕਮਰਾ ਕਿਸ ਤਰ੍ਹਾਂ ਦਾ ਹੈ?

(ੲ) ਕਿਤਾਬਾਂ ਦਾ ਲੈਣ-ਦੇਣ ਕਿਸ ਤਰ੍ਹਾਂ ਵਧਾਇਆ ਜਾ ਸਕਦਾ ਹੈ?

**ਵਿਆਕਰਨ—**

3. (1) **ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ?** **1x4=4**

(ੳ) ਕੁਝ-ਕਿਤਾਬਾਂ (ਅ) ਅਬਦੁਲ-ਕਲਾਮ

(ੲ) ਰਹਿਣੀ-ਬਹਿਣੀ (ਸ) ਪੇਸ਼ੇਵਰ-ਜੀਵਨ

(2) **'ਦੇਸ਼-ਭਗਤ' ਸਮਾਸੀ ਸ਼ਬਦ ਕਿਸ ਸ਼ਬਦ ਸਮੂਹ ਲਈ ਵਰਤਿਆ ਜਾਂਦਾ ਹੈ?**

(ੳ) ਰੱਬ ਦਾ ਭਗਤ (ਅ) ਦੇਸ਼ ਦੀ ਭਗਤੀ

(ੲ) ਦੇਸ਼ ਦਾ ਪਿਆਰ (ਸ) ਦੇਸ਼ ਦਾ ਭਗਤ

(3) **'ਆਪਣਾ ਅਤੇ ਪਰਾਇਆ' ਲਈ ਸਹੀ ਸਮਾਸੀ ਸ਼ਬਦ ਦੀ ਚੋਣ ਕਰੋ—**

(ੳ) ਆਪਣਾ-ਬੇਗਾਨਾ (ਅ) ਯਾਰ-ਦੋਸਤ

(ੲ) ਆਪਣਾ-ਪਰਾਇਆ (ਸ) ਦੋਸਤ-ਦੁਸ਼ਮਣ

(4) **ਹੇਠ ਲਿਖਿਆਂ ਵਿਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ—**

(ੳ) ਮੌਜ-ਮੇਲਾ (ਅ) ਦੁੱਖ-ਸੁੱਖ

(ੲ) ਸਾਫ਼-ਸੁਥਰਾ (ਸ) ਚੁਸਤ-ਚਲਾਕ

4. (1) **ਬਹੁ-ਅਰਥਕ ਸ਼ਬਦ ਕਿਸ ਨੂੰ ਕਹਿੰਦੇ ਹਨ?** **1x4=4**

(ੳ) ਇੱਕ ਤੋਂ ਵੱਧ ਅਰਥ ਰੱਖਣ ਵਾਲੇ ਸ਼ਬਦਾਂ ਨੂੰ

(ਅ) ਨਾਂਵ ਸ਼ਬਦਾਂ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ

(ੲ) ਨਾਂਵ ਦੀ ਥਾਂ ਤੇ ਪ੍ਰਯੋਗ ਹੋਣ ਵਾਲੇ ਸ਼ਬਦਾਂ ਨੂੰ

(ਸ) ਸਮਾਨ ਅਰਥ ਰੱਖਣ ਵਾਲੇ ਸ਼ਬਦਾਂ ਨੂੰ

(2) **ਕਿਹੜਾ ਸ਼ਬਦ 'ਉੱਤਰ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ—**

(ੳ) ਖੱਡਾ (ਅ) ਜਵਾਬ

(ਸ) ਦਿਸ਼ਾ (ਹ) ਉਤਰਨਾ

(3) **'ਕੋਟ' ਸ਼ਬਦ ਦੇ ਬਹੁਆਰਥੀ ਸ਼ਬਦ ਚੁਣੋ—**

(ੳ) ਇਰਾਦਾ, ਰੇਟ, ਦਰ (ਅ) ਗੁਰੂ, ਉਸਤਾਦ, ਚੇਲਾ

(ਸ) ਕਰੋੜ, ਕਿਲ੍ਹਾ, ਪਹਿਨਣ ਦਾ ਕੱਪੜਾ (ਹ) ਟਿੱਕੀ, ਗੋਲ, ਟੋਟਾ

(4) **ਕਿਹੜਾ ਸ਼ਬਦ 'ਹੱਸ' ਸ਼ਬਦ ਦਾ ਬਹੁ-ਅਰਥੀ ਨਹੀਂ ਹੈ—**

(ੳ) ਅਕਲ (ਅ) ਦਿਮਾਗ

(ਸ) ਬੁੱਧੀ (ਹ) ਸੁਸਤ



Downloaded From : http://cbseportal.com/ Courtesy : CBSE

Downloaded From : http://cbseportal.com/

5. (1) **ਕਿਰਿਆ ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?** 1x4=4

(ੳ) ਅੱਠ (ਅ) ਦੱਸ

(ੲ) ਵੀਹ (ਹ) ਪੰਦਰਾਂ

**(2) ਕਾਲ ਵਾਚਕ ਕਿਰਿਆ ਵਿਸ਼ੇਸ਼ਣ ਕਿਰਿਆ ਦਾ ਕੀ ਦੱਸਦੇ ਹਨ?**

(ੳ) ਨਤੀਜਾ (ਅ) ਸਮਾਂ

(ੲ) ਭਾਵ (ਹ) ਪਰਿਮਾਣ

**(3) 'ਇਸ ਲਈ' ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਵੰਨਗੀ ਹੈ?**

(ੳ) ਕਾਰਨ ਵਾਚਕ (ਅ) ਕਾਲ ਵਾਚਕ

(ੲ) ਨਿਰਣਾ ਵਾਚਕ (ਹ) ਗਿਣਤੀ ਵਾਚਕ

**(4) 'ਉਹ ਤੇਜ਼ ਦੌੜਦਾ ਹੈ'। ਵਾਕ ਵਿੱਚੋਂ ਕਿਰਿਆ ਵਿਸੇਸ਼ਣ ਚੁਣੋ—**

(ੳ) ਦੌੜਦਾ (ਅ) ਹੈ

(ੲ) ਤੇਜ਼ (ਹ) ਉਹ

6. (1) 'ਗ਼ੈਰ' ਅਤੇ 'ਹਮ' ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ। 2x2=4

(2) 'ਦਾਰੀ' ਅਤੇ 'ਨਾਕ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ।

7. ਮੁਹਾਵਰਿਆਂ ਦਾ ਅਰਥ ਸਪਸ਼ੱਟ ਕਰਦੇ ਹੋਏ ਵਾਕ ਬਣਾਓ। 1x4=4

(1) ਛੱਕੇ ਛੁਡਾਉਣਾ

(2) ਖਤਰਾ ਮੁੱਲ ਲੈਣਾ

(3) ਕੰਨਾਂ ਤੇ ਜੂੰ ਨਾ ਸਰਕਣਾ

(4) ਚਰਨ ਧੋ ਕੇ ਪੀਣਾ

**(ਭਾਗ ੲ)**

**ਲਿਖਣ-ਕੌਸ਼ਲ—**

8. ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ— 10

**ਨਾਨਕ ਦੁਖੀਆ ਸਭ ਸੰਸਾਰ**

ਨੁਕਤੇ—

* ਤੁਕ ਦਾ ਅਰਥ
* ਸੰਸਾਰ ਵਿੱਚ ਸਾਰੇ ਦੁਖੀ ਹਨ
* ਦੁੱਖਾਂ ਦਾ ਮੂਲ ਕਾਰਨ
* ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ
* ਸਿੱਟਾ

ਜਾਂ



Downloaded From : http://cbseportal.com/ Courtesy : CBSE

Downloaded From :http://cbseportal.com/

**ਸਮੇਂ ਦੀ ਕਦਰ**

ਨੁਕਤੇ—

* ਭੂਮਿਕਾ
* ਸਾਡੀਆਂ ਆਦਤਾਂ
* ਵੱਡੇ ਵਿਅਕਤੀਆਂ ਦੇ ਮਹਾਨ ਬਣਨ ਦਾ ਰਾਜ
* ਸਮਾਂ ਨਸ਼ਟ ਕਰਨ ਦੇ ਨੁਕਸਾਨ
* ਸਿੱਟਾ

ਜਾਂ

**ਜੀਵਨ ਵਿੱਚ ਕੰਪਿਊਟਰ ਅਤੇ ਇੰਟਰਨੈਟ ਦੀ ਭੂਮਿਕਾ**

**ਨੁਕਤੇ—**

* ਕੰਪਿਊਟਰ ਅਤੇ ਇੰਟਰਨੈਟ ਕੀ ਹੈ?
* ਇੰਟਰਨੈਟ ਦਾ ਪਾਸਾਰ
* ਫਾਇਦੇ ਅਤੇ ਨੁਕਸਾਨ
* ਆਧੁਨਿਕ ਜੀਵਨ ਦੀ ਲੋੜ
* ਨਤੀਜਾ

**9.** ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ— **8**

ਟੈਲੀਵਿਜਨ ਕੇਂਦਰ ਦੇ ਡਾਇਰੈਕਟਰ ਨੂੰ ਪੱਤਰ ਲਿਖੋ ਜਿਸ ਵਿਚ ਦਿੱਤੇ ਜਾ ਰਹੇ ਪ੍ਰੋਗਰਾਮਾਂ ਦੀਆਂ ਕਮੀਆਂ ਦੱਸ ਕੇ ਸੁਧਾਰ ਦੀ ਮੰਗ ਕਰੋ।

ਨੁਕਤੇ—

* ਸਤਿਕਾਰ ਭਰੇ ਸ਼ਬਦ
* ਪ੍ਰੋਗਰਾਮ ਦਾ ਜ਼ਿਕਰ
* ਗਲਤੀਆਂ ਦੀ ਭਰਮਾਰ
* ਪੰਜਾਬੀ ਦਾ ਗਲਤ ਉਚਾਰਣ
* ਧੰਨਵਾਦ
* ਆਪਣਾ ਸਿਰਨਾਵਾਂ

ਜਾਂ

ਤੁਹਾਡੇ ਚਾਚਾ ਜੀ ਨੇ ਤੁਹਾਡੇ ਜਨਮ-ਦਿਨ ਤੇ ਤੁਹਾਨੂੰ ਤੋਹਫ਼ਾ ਭੇਜਿਆ ਹੈ। ਪੱਤਰ ਲਿਖ ਕੇ ਉਹਨਾਂ ਦਾ ਧੰਨਵਾਦ ਕਰੋ।

ਨੁਕਤੇ—

* ਸਤਿਕਾਰ ਭਰੇ ਸ਼ਬਦ
* ਤੋਹਫੇ ਦਾ ਜ਼ਿਕਰ
* ਜੀਵਨ ਵਿੱਚ ਤੋਹਫ਼ੇ ਦੀ ਮਹਤੱਤਾ
* ਦਿਲੋਂ ਧੰਨਵਾਦ
* ਆਪਣਾ ਸਿਰਨਾਵਾਂ

10. ਤੁਸੀਂ ਆਪਣੇ ਇਲਾਕੇ ਵਿੱਚ ਟੀਵੀ ਦਾ ਨਵਾਂ ਸ਼ੋਅ ਰੂਮ ਖੋਲ੍ਹਿਆ ਹੈ ਤੇ ਉਸ ਬਾਬਤ 50 ਸ਼ਬਦਾਂ ਵਿੱਚ ਇੱਕ ਇਸ਼ਤਿਹਾਰ ਤਿਆਰ ਕਰੋ। **7**

ਜਾਂ



Downloaded From :http://cbseportal.com/ Courtesy : CBSE

Downloaded From :http://cbseportal.com/

ਹੇਠਲੀ ਤਸਵੀਰ ਨੂੰ ਵੇਖ ਕੇ 50 ਸ਼ਬਦਾਂ ਵਿੱਚ ਉਸ ਦਾ ਵਰਣਨ ਕਰੋ :-



**ਨੋਟ — ਇਹ ਪ੍ਰਸ਼ਨ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ—**
ਤੁਸੀਂ ਦੋਸਤਾਂ ਨਾਲ ਪਿਕਨਿਕ ਮਨਾਉਣ ਜਾ ਰਹੇ ਸੀ ਤੇ ਰਸਤੇ ਵਿੱਚ ਤੁਹਾਡੀ ਘੜੀ ਗੁਆਚ ਗਈ। ਇਸ ਬਾਰੇ ਪੁਲਿਸ ਥਾਣੇ ਵਿੱਚ ਆਪਣੀ ਰਿਪੋਰਟ ਦਰਜ ਕਰਨ ਲਈ ਪੱਤਰ ਲਿਖੋ।

**(ਭਾਗ ਸ)**

## ਪਾਠ ਪੁਸਤਕਾਂ ਤੇ ਅਧਾਰਿਤ

**11. ਅਤਿ ਛੋਟੇ ਪ੍ਰਸ਼ਨ (ਬਹੁਵਿਕਲਪੀ)** **1x4=4**

(1) ਰਜਨੀ ਨੂੰ ਕਿਹੜੀ ਬਿਮਾਰੀ ਸੀ?
(ੳ) ਪੀਲੀਆ (ਅ) ਕੈਂਸਰ
(ੲ) ਟੀ.ਬੀ. (ਸ) ਪੋਲੀਓ

(2) ਮੀਨਾਕਸ਼ੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ?
(ੳ) ਸ਼ਤਰੰਜ (ਅ) ਲੂਡੋ
(ੲ) ਕੈਰਮ ਬੋਰਡ (ਸ) ਸੱਪ-ਸੀੜੀ

(3) 'ਪੱਛੋ ਦੀਆਂ ਪੈਣ ਕਣੀਆਂ' ਪਾਠ ਅਨੁਸਾਰ ਕਾਫ਼ਲਾ ਕਿਹੜੇ ਰੰਗ ਦੇ ਪੱਥਰਾਂ ਵਿਚਕਾਰੋਂ ਲੰਘਿਆ?
(ੳ) ਸਲੇਟੀ ਰੰਗ ਦੇ (ਅ) ਚਿੱਟੇ ਰੰਗ ਦੇ
(ੲ) ਕਾਲੇ ਰੰਗ ਦੇ (ਸ) ਪੀਲੇ ਰੰਗ ਦੇ

(4) ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ?
(ੳ) ਪ੍ਰੋਟੀਨ (ਅ) ਥਏਨੀਨ
(ੲ) ਕਾਰਬਨ (ਸ) ਕਲੋਰੋਫਿਲ

**12. ਛੋਟੇ ਪ੍ਰਸ਼ਨ (ਇੱਕ ਵਾਕ ਵਾਲੇ)** **1x4=4**

(1) ਖੁਰਲੀ ਤੋਂ ਕੀ ਗਾਇਬ ਹੋ ਗਿਆ ਹੈ?
(2) ਦਸ ਗੁਰੂਆਂ ਨੇ ਕਿਹੜੀ ਜੋਤ ਬਾਲੀ?
(3) ਬੇਬੇ ਰਾਮ ਭਜਨੀ ਦੇ ਪਤੀ ਦਾ ਕੀ ਨਾਂ ਸੀ?
(4) ਸ਼ਾਮ ਦਾਸ ਨਾਲ ਕਿੰਨੇ ਜੁਆਰੀਏ ਘਰ ਆਉਂਦੇ ਹਨ?



Downloaded From :http://cbseportal.com/ Courtesy : CBSE

Downloaded From :http://cbseportal.com/

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ—** **2x3=6**

(1) ਸੱਪ ਜਮਾਤ ਦੇ ਕਮਰੇ ਵਿੱਚ ਕਿਵੇਂ ਦਾਖ਼ਲ ਹੋਇਆ ਸੀ?

(2) ਧਰਮ ਬਾਰੇ ਡਾਕਟਰ ਅਬਦੁਲ ਕਲਾਮ ਦੇ ਕੀ ਵਿਚਾਰ ਸਨ?

(3) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖ਼ਿਤਾਬ ਕਿਸ ਤਰ੍ਹਾਂ ਮਿਲਿਆ?

14. **ਵੱਡੇ ਉੱਤਰਾਂ ਵਾਲੇ** (50 ਤੋਂ 60) **ਸ਼ਬਦਾਂ ਵਿੱਚ ਦਿਓ—** **3**

'ਮਾਣ ਪੰਜਾਬੀ ਦਾ' ਕਵਿਤਾ ਵਿਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਪਾਠ 'ਹੈਂਕੜ ਅਤੇ ਹਉਮੈਂ ਦੀ ਮਾਰ' ਦੇ ਅਧਾਰ ਤੇ ਦੱਸੋ।

15. ਬੇਬੇ ਰਾਮ ਭਜਨੀ ਦਾ ਚਰਿੱਤਰ ਚਿਤਰਣ 50 ਤੋਂ 60 ਸ਼ਬਦਾਂ ਵਿੱਚ ਲਿਖੋ। **3**

**ਜਾਂ**

ਇਕਾਂਗੀ 'ਬੇਬੇ ਰਾਮ ਭਜਨੀ' ਦੇ ਵਿਸ਼ੇ-ਵਸਤੂ ਬਾਰੇ ਚਾਨਣਾ ਪਾਉ।



Downloaded From :http://cbseportal.com/ Courtesy : CBSE

Downloaded From : http://cbseportal.com/

## ਦਸਵੀਂ ਜਮਾਤ ਦੀ ਮੁੱਢਲੀ ਬਣਤਰ (ਕੁੱਲ ਅੰਕ 80) (ਅਪ੍ਰੈਲ 2019 ਤੋਂ ਮਾਰਚ 2020)

| ਕ੍ਰਮ ਨੰ. | ਸਿੱਖਣ ਸਿਖਾਉਣ ਦੀ ਮੁਲਾਂਕਣ ਵਿਧੀ/ਕੌਸ਼ਲ ਪ੍ਰਸ਼ਨਾਂ ਦੀਆਂ ਕਿਸਮਾਂ | ਛੋਟੇ ਪ੍ਰਸ਼ਨ 1 ਅੰਕ | ਛੋਟੇ ਪ੍ਰਸ਼ਨ 2 ਅੰਕ | ਲੰਮੇ ਪ੍ਰਸ਼ਨ 3,7,8 ਅਤੇ 10 ਅੰਕ | ਅੰਕ | % |
|---|---|---|---|---|---|---|
| 1. | **ਯਾਦ ਰੱਖਣਯੋਗ** (ਪਾਠ ਪੁਸਤਕਾਂ ਤੇ ਅਧਾਰਤ) | 4 (1) ਬਹੁਵਿਕਲਪੀ (MCQ)<br>4 (1) ਛੋਟੇ ਪ੍ਰਸ਼ਨ (VSQ) | 3x2=(6) (SQ) | 1 (3)<br>1 (3)<br>(LQ) | 20 | 25.00% |
| 2. | **ਸਮਝ-ਸੂਝ ਅਧਾਰਤ** (ਗਿਆਨ ਬੋਧ–ਅਣਡਿੱਠਾ ਪੈਰਾ ਅਤੇ ਅਣਡਿਠੀ ਕਾਵਿ ਟੁਕੜੀ) | 1 (1) (ਛੋਟੇ ਉੱਤਰ ਵਾਲੇ) (VSQ) | 7 (2)<br>7x2=(14) (SQ) | — | 15 | 18.75% |
| 3. | **ਵਿਹਾਰਕ** (ਵਿਹਾਰਕ ਗਿਆਨ ਦੇ ਨਵੇਂ ਸਿਧਾਂਤ) *ਅਨੁਮਾਨਤ ਕਿਸਮਾਂ* | 12 (ਬਹੁ-ਵਿਕਲਪੀ)(MCQ)<br>8 (ਛੋਟੇ ਉੱਤਰ ਵਾਲੇ ਪ੍ਰਸ਼ਨ) (VSQ) | — | — | 20 | 25.00% |
| 4. | **ਸਿਰਜਣਾਤਮਕ** (ਸਥਿਤੀ ਜਾਂ ਵਿਚਾਰ ਦੀ ਪਰਖ ਲਈ ਰਚਨਾਤਮਕ ਮੁਲਾਂਕਣ) | — | — | 1 (7)<br>1 (8)<br>1 (10)<br>(LQ) | 25 | 31.25% |
| | **ਕੁਲ ਅੰਕ** | 29 | 20 | 31 | 80 | 100% |

Downloaded From : http://cbseportal.com/
Courtesy : CBSE